**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)

2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਮੀਮੋ ਨੰ ਸਸਅ/ਕੋਆਰਡੀਨੇਸ਼ਨ/09/
ਮਿਤੀ ਚੰਡੀਗੜ੍ਹ 23 ਅਕਤੂਬਰ, 2009

ਵਿਸ਼ਾ **ਵੋਟਰ ਸੂਚੀ ਦੀ ਸੁਧਾਈ ਲਈ ਅਧਿਆਪਕਾਂ ਦੀ ਬਤੌਰ ਬੀ.ਐਲ.ਓ. ਡਿਊਟੀ ਨਾ ਲਗਾਉਣ ਬਾਰੇ ।**

1.0 ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਵੱਲ ਦਵਾਇਆ ਜਾਂਦਾ ਹੈ ।

2.0 ਇਹ ਧਿਆਨ ਵਿੱਚ ਆਇਆ ਹੈ ਕਿ ਵੱਖ ਵੱਖ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਚੋਣ ਅਫਸਰਾਂ ਵੱਲੋਂ ਵੋਟਰ ਸੂਚੀਆਂ ਦੀ ਸੁਧਾਈ ਕਰਨ ਲਈ ਅਧਿਆਪਕਾਂ ਦੀ ਬਤੌਰ ਬੂਥ ਲੇਵਲ ਅਫਸਰ ਦੇ ਤੌਰ ਤੇ ਡਿਊਟੀ ਲਗਾ ਦਿੱਤੀ ਜਾਂਦੀ ਹੈ ਜਿਸ ਕਰਕੇ ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੁੰਦਾ ਹੈ । ਇਸ ਮੁੱਦੇ ਤੇ ਮੁੱਖ ਚੌਣ ਅਫਸਰ, ਪੰਜਾਬ ਜੀ ਦੇ ਦਫਤਰ ਨਾਲ ਵੀ ਰਾਬਤਾ ਕਾਇਮ ਕਰਨ ਉਪਰੰਤ ਮਾਨਯੋਗ ਮੁੱਖ ਚੌਣ ਅਫਸਰ ਵੱਲੋਂ ਆਪਣੇ ਮੀਮੋ ਨੰ ਚੌਣ-2008/ਵ.ਸ.13329-13347 ਮਿਤੀ 13.10.2008 ਰਾਹੀਂ ਸਮੂਹ ਜਿਲ੍ਹਾ ਚੌਣ ਅਫਸਰਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ । ਇਸ ਪੱਤਰ ਦੀ ਇੱਕ ਕਾਪੀ ਆਪ ਜੀ ਦੀ ਜਾਣਕਾਰੀ ਹਿੱਤ ਇਸ ਪੱਤਰ ਨਾਲ ਨੱਥੀ ਕੀਤੀ ਜਾਂਦੀ ਹੈ । ਇਸ ਪੱਤਰ ਦੇ ਪੈਰਾ ਨੰ 9 ਵਿੱਚ ਮੁੱਖ ਚੌਣ ਅਫਸਰ, ਪੰਜਾਬ ਵੱਲੋਂ ਸਾਫ ਸਾਫ ਲਿਖਿਆ ਗਿਆ ਹੈ ਕਿ :-

*"ਜਿੱਥੋਂ ਤੱਕ ਬੀ.ਐਲ.ਓ. ਦੀ ਨਿਯੁਕਤੀ ਦਾ ਸਬੰਧ ਹੈ, ਉਸ ਬਾਰੇ ਆਪ ਨੂੰ ਦੱਸਿਆ ਜਾਂਦਾ ਹੈ ਕਿ ਅਧਿਆਪਕਾਂ ਦੀ ਬਤੌਰ ਬੀ.ਐਲ.ਓ. ਡਿਊਟੀ ਨਹੀਂ ਲਗਾਉਣੀ ਹੈ । ............"*

3.0 ਉਪਰੋਕਤ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਜੇਕਰ ਆਪ ਜੀ ਦੇ ਜ਼ਿਲ੍ਹੇ ਵਿੱਚ ਕਿਸੇ ਅਧਿਆਪਕ ਦੀ ਡਿਊਟੀ ਬਤੌਰ ਬੂਥ ਲੇਵਲ ਅਫਸਰ ਦੇ ਤੌਰ ਤੇ ਲਗਾਈ ਜਾਂਦੀ ਹੈ ਤਾਂ ਉਸ ਨੂੰ ਫਾਰਗ ਨਾ ਕੀਤਾ ਜਾਵੇ ਅਤੇ ਇਹ ਗੱਲ ਮੁੱਖ ਦਫਤਰ ਦੇ ਧਿਆਨ ਵਿੱਚ ਲਿਆਂਦੀ ਜਾਵੇ ਤਾਂ ਜੋ ਮਾਨਯੋਗ ਮੁੱਖ ਚੌਣ ਅਫਸਰ ਨਾਲ ਮਾਮਲਾ ਉਠਾਇਆ ਜਾ ਸਕੇ ।

ਨੱਥੀ / ਉਪਰੋਕਤ ਅਨੁਸਾਰ

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿੱਠ ਅੰਕਣ ਨੰ ਸਸਅ/ਕੋਆਰਡੀਨੇਸ਼ਨ/09/ ਮਿਤੀ 23.10.2009

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਚੌਣ ਅਫਸਰਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਮੇਂ ਸਕੂਲਾਂ ਵਿੱਚ ਅਕਾਦਮਿਕ ਸੈਸ਼ਨ 2009-10 ਇੱਕ ਬਹੁਤ ਅਹਿਮ ਸਟੇਜ ਤੇ ਹੈ ਅਤੇ ਜ਼ਿਲ੍ਹਿਆਂ ਵਿੱਚ ਪਹਿਲਾਂ ਹੀ ਅਧਿਆਪਕਾਂ ਦੀਆਂ ਕਾਫੀ ਅਸਾਮੀਆਂ ਖਾਲੀ ਪਈਆਂ ਹਨ ਜਿਸ ਨੂੰ ਮੁੱਖ ਰੱਖਦੇ ਹੋਏ ਕਿਰਪਾ ਕਰਕੇ ਸਕੂਲ ਅਧਿਆਪਕਾਂ ਨੂੰ ਬਤੌਰ ਬੂਥ ਲੇਵਲ ਅਫਸਰ / ਇਲੈਕਸ਼ਨ ਡਿਊਟੀ ਤੇ ਨਾ ਲਗਾਉਣ ਦੀ ਕਿਰਪਾ ਕੀਤੀ ਜਾਵੇ ਜੀ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿੱਠ ਅੰਕਣ ਨੰ ਸਸਅ/ਕੋਆਰਡੀਨੇਸ਼ਨ/09/ ਮਿਤੀ 23.10.2009

ਇਸ ਦਾ ਇੱਕ ਉਤਾਰਾ ਮਾਨਯੋਗ ਮੁੱਖ ਚੌਣ ਅਫਸਰ, ਪੰਜਾਬ, ਚੰਡੀਗੜ੍ਹ ਨੂੰ ਉਹਨਾਂ ਦੇ ਪੱਤਰ ਨੰ ਚੌਣ-2008/ਵ.ਸ.13329-13347 ਮਿਤੀ 13.10.2008 ਦੀ ਲਗਾਤਾਰਤਾ ਵਿੱਚ ਭੇਜਿਆ ਜਾਂਦਾ ਹੈ ।